# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਪਰੀਖਿਆ ਦਾ ਨਿਗਰਾਨ ਅਮਲਾ ਵੱਧ ਤੋਂ ਵੱਧ ਸਹਿਯੋਗ ਦੇਵੇ

ਐੱਸ.ਏ.ਐੱਸ ਨਗਰ 27 ਫਰਵਰੀ (    ) ਸਕੂਲ ਸਿੱਖਿਆ ਸਕੱਤਰ ਕਮ ਬੋਰਡ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਵੱਲੋਂ ਬਾਰ੍ਹਵੀਂ ਦੇ ਕੱਲ੍ਹ, ਸ਼ੁਰੂ ਹੋ ਰਹੇ ਇਮਤਿਹਾਨਾਂ 'ਚ ਤਾਇਨਾਤ ਅਮਲੇ ਨੂੰ ਸਪਸ਼ਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਰੀਖਿਆ ਕੇਂਦਰਾਂ 'ਚ ਤਾਇਨਾਤੀ, ਉਨ੍ਹਾਂ ਦੇ ਸਕੂਲ/ਸੰਸਥਾ ਤੋਂ ਦੂਰੀ ਦੇ ਹਿਸਾਬ ਨਾਲ ਕੀਤੀ ਗਈ ਹੈ । ਇਸ ਲਈ ਉਹ ਆਪਣੀ ਰਿਹਾਇਸ਼ ਤੋਂ ਪਰੀਖਿਆ ਕੇਂਦਰਾਂ ਦੀ ਦੂਰੀ ਮਾਪਣ ਦੀ ਖੇਚਲ ਨਾ ਕਰਨ ।

ਸਿੱਖਿਆ ਸਕੱਤਰ ਨੇ ਸਪਸ਼ਟ ਕਰਦਿਆਂ ਕਿਹਾ ਕਿ ਜੇ ਕਰ ਕੋਈ ਬਹਾਨੇ ਬਾਜ਼ੀ ਬਣਾਉਂਦਿਆਂ ਆਪਣੀ ਬੀਮਾਰੀ ਦਾ ਬਹਾਨਾ ਲਾ ਕੇ ਜਾਂ ਝੂਠੇ ਦਸਤਾਵੇਜ਼ਾਂ ਦੇ ਅਧਾਰ ਤੇ ਪਰੀਖਿਆ ਡਿਊਟੀ ਤੋਂ ਪਿੱਛੇ ਹਟੇਗਾ ਤਾਂ ਉਸ ਦੇ ਉਨ੍ਹਾਂ ਦਸਤਾਵੇਜ਼ਾਂ ਦੇ ਅਧਾਰ 'ਤੇ ਉਸ ਦੀ ਨੌਕਰੀ ਕਰਨ ਦੀ ਸਮੱਰਥਾ ਦੀ ਦਸਤਾਵੇਜ਼ਾਂ ਤੇ ਅਧਾਰਤ ਵਿਭਾਗੀ ਪਰਖ ਕਰਵਾਈ ਜਾਵੇਗੀ।

ਮਿਤੀ: 27.02.2018

ਕੋਮਲ ਸਿੰਘ
ਲੋਕ ਸੰਪਰਕ ਦਫਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner